ਸੰਪਾਦਕੀ

# ਦੋਸ਼ੀ ਫੌਜੀ ਅਫਸਰ ਬਰਖਾਸਤ ਹੋਣ

ਭਾਰਤੀ ਫੌਜ ਵਿੱਚ ਭਰਿਸ਼ਟਾਚਾਰ ਬੇਹੱਦ ਚਿੰਤਾਜਨਕ ਹੈ। ਫੌਜ ਦੇ ਅਫਸਰ ਭਰਿਸ਼ਟਾਚਾਰ ਦੇ ਕਈ ਵੱਡੇ ਮਾਮਲਿਆਂ ਵਿੱਚ ਫਸੇ ਹੋਏ ਹਨ। ਸਰਕਾਰ ਫੌਜ ਵਿਚਲੇ ਭਰਿਸ਼ਟਾਚਾਰ ਨੂੰ ਸਖਤੀ ਨਾਲ ਨਹੀਂ ਨਜਿੱਠ ਰਹੀ। ਸਰਕਾਰ ਦੀ ਨਲਾਇਕੀ ਕਾਰਨ ਹੀ ਫੌਜ ਵਿੱਚ ਭਰਿਸ਼ਟਾਚਾਰ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। ਹੁਣੇ ਜਿਹੇ ਹੀ ਸਾਹਮਣੇ ਆਇਆ ਸੁਕਨਾ ਜ਼ਮੀਨ ਘਪਲਾ ਬੇਹੱਦ ਸੰਗੀਨ ਅਪਰਾਧ ਹੈ। ਇਸ ਘਪਲੇ ਵਿੱਚ ਫੌਜ ਦੇ ਚਾਰ ਚੋਟੀ ਦੇ ਅਫਸਰ ਸ਼ਾਮਲ ਹਨ। ਇਹ ਦੁੱਖ ਦੀ ਗੱਲ ਹੈ ਕਿ ਸਾਰੇ ਤੱਥ ਜਨਤਕ ਹੋਣ ਦੇ ਬਾਵਜੂਦ ਇਨ੍ਹਾਂ ਚਾਰੇ ਅਫਸਰਾਂ ਨੂੰ ਫੌਜ ਵਿੱਚੋਂ ਬਰਖਾਸਤ ਨਹੀਂ ਕੀਤਾ ਗਿਆ। ਫੌਜ ਦੇ ਮੁੱਖੀ ਜਨਰਲ ਦੀਪਕ ਕੁਮਾਰ ਦਾ ਰੱਵਈਆ ਵੀ ਬੇਹੱਦ ਪੱਖਪਾਤੀ ਰਿਹਾ ਹੈ। ਇਸ ਘਪਲੇ ਵਿੱਚ ਸ਼ਾਮਲ ਚਾਰ ਪ੍ਰਮੁੱਖ ਦੋਸ਼ੀਆਂ ਦਾ ਅਪਰਾਧ ਬਰਾਬਰ ਸੀ, ਪ੍ਰੰਤੂ ਚਾਰਾਂ ਖਿਲਾਫ ਬਰਾਬਰ ਕਾਰਵਾਈ ਨਹੀਂ ਕੀਤੀ ਗਈ। ਫੌਜ ਦੇ ਮੁੱਖੀ ਨੇ ਆਪਣੇ ਇੱਕ ਚਹੇਤੇ ਫੌਜੀ ਅਫਸਰ ਲੈਫਟੀਨੈਂਟ ਜਨਰਲ ਅਵਧੇਸ਼ ਪ੍ਰਕਾਸ਼ ਖਿਲਾਫ ਅਨੁਸ਼ਾਸਨੀ ਕਾਰਵਾਈ ਕਰਕੇ ਹੀ ਸਾਰ ਦਿੱਤਾ ਹੈ। ਹੁਣ ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਇਸ ਮਾਮਲੇ ਦਾ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਨੇ ਵੱਲੋਂ ਫੌਜ ਦੇ ਮੁੱਖੀ ਜਨਰਲ ਦੀਪਕ ਕੁਮਾਰ ਨੂੰ ਸਲਾਹ ਦਿੱਤੀ ਹੈ ਕਿ ਉਹ ਜਨਰਲ ਅਵਧੇਸ਼ ਪ੍ਰਕਾਸ਼ ਖਿਲਾਫ ਵੀ ਕੋਰਟ ਮਾਰਸ਼ਲ ਦੇ ਹੁਕਮ ਦੇਣ। ਇਹ ਅਫਸਰ 31 ਜਨਵਰੀ 2010 ਨੂੰ ਸੇਵਾ ਮੁਕਤ ਹੋਣ ਜਾ ਰਿਹਾ ਹੈ। ਸੁਕਨਾ ਜ਼ਮੀਨ ਘਪਲੇ ਵਿੱਚ ਫੌਜ ਦੇ ਹੋਰ ਵੀ ਕਈ ਅਧਿਕਾਰੀ ਅਤੇ ਮੁਲਾਜ਼ਮ ਸ਼ਾਮਲ ਹਨ। ਪੂਰਬੀ ਕਮਾਂਡਰ ਅਤੇ ਫੌਜ ਦੇ ਨਾਮਜਦ ਮੁੱਖੀ ਵੀ.ਕੇ. ਸਿੰਘ ਨੇ ਜਾਂਚ ਕਮੇਟੀ ਦੇ ਆਧਾਰ ਤੇ ਲੈਫਟੀਨੈਂਟ ਜਨਰਲ ਪ੍ਰਕਾਸ਼ ਅਤੇ ਹੋਰਨਾਂ ਮੁਸਲਮ ਅਫਸਰਾਂ ਖਿਲਾਫ ਸਖਤ ਕਾਰਵਾਈ ਦੀ ਸਿਫਾਰਸ਼ ਕੀਤੀ ਸੀ, ਪ੍ਰੰਤੂ ਫੌਜ ਦੇ ਮੁੱਖੀ ਨੇ ਸਾਰੇ ਵਿਅਕਤੀਆਂ ਖਿਲਾਫ ਬਰਾਬਰ ਕਾਰਵਾਈ ਨਾ ਕਰਕੇ ਇੱਕ ਗੰਭੀਰ ਗਲਤੀ ਕੀਤੀ ਹੈ। ਫੌਜ ਦੀ ਆਪਣੀ ਹੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਪੱਛਮੀ ਬੰਗਾਲ ਦੇ ਦਾਰਜਲਿੰਗ ਖੇਤਰ ਵਿੱਚ ਸੁਕਨਾ ਮਿਲਟਰੀ ਸਟੇਸ਼ਨ ਦੇ ਨਾਲ ਲੱਗਦੀ 75 ਏਕੜ ਜਮੀਨ ਵੇਚਣ ਲਈ ਇਤਰਾਜ ਨਹੀਂ ਸਰਟੀਫਿਕੇਟ ਜਾਰੀ ਕਰਵਾਉਣ ਪਿੱਛੇ ਇਨ੍ਹਾਂ ਚਾਰ ਅਫਸਰਾਂ ਦਾ ਹੱਥ ਸੀ। ਇਹ ਚੰਗੀ ਗੱਲ ਹੈ ਕਿ ਰੱਖਿਆ ਮੰਤਰੀ ਨੂੰ ਇਸ ਮਾਮਲੇ ਵਿੱਚ ਦਖਲ ਦੇ ਕੇ ਚਾਰੋਂ ਅਫਸਰਾਂ ਨਾਲ ਇੱਕੋ ਜਿਹਾ ਸਲੂਕ ਕਰਨ ਦੇ ਹੁਕਮ ਦਿੱਤੇ ਹਨ। ਪੂਰਬੀ ਕਮਾਂਡ ਤੋਂ ਜਾਂਚ ਰਿਪੋਰਟ ਹਾਸਲ ਹੋਣ ਮਗਰੋਂ ਫੌਜ ਦੇ ਮੁੱਖੀ ਨੇ ਐਡਜੁਟੈਂਟ ਜਨਰਲ ਮੁਕੇਸ਼ ਸਭਰਵਾਲ ਨੂੰ ਹੁਕਮ ਦਿੱਤਾ ਸੀ ਕਿ ਉਹ ਲੈਫਟੀਨੈਂਟ ਜਨਰਲ ਪ੍ਰਕਾਸ਼, ਲੈਫਟੀਨੈਂਟ ਜਨਰਲ ਰਥ, ਲੈਫਟੀਨੈਂਟ ਜਨਰਲ ਹਲਗਲੀ ਅਤੇ ਮੇਜਰ ਜਨਰਲ ਸੇਨ ਖਿਲਾਫ 30 ਦਿਨਾਂ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾਣ। ਕੇਂਦਰੀ ਰੱਖਿਆ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਦੀ ਜਨਤਕ ਜਾਂਚ ਕਰਵਾਉਣ ਤਾਂ ਜੋ ਸਮੁੱਚੇ ਘਪਲੇ ਦਾ ਪਰਦਾ ਫਾਸ਼ ਹੋ ਸਕੇ। ਫੌਜ ਦੇ ਭਰਿਸ਼ਟਾਚਾਰ ਤੇ ਪਰਦਾ ਪਾਉਣਾ ਠੀਕ ਨਹੀਂ ਹੈ। ਅਜਿਹੀ ਨੀਤੀ ਕਾਰਨ ਹੀ ਫੌਜ ਅੰਦਰ ਭਰਿਸ਼ਟਾਚਾਰ ਲਗਾਤਾਰ ਵੱਧ ਰਿਹਾ ਹੈ। ਭਰਿਸ਼ਟਾਚਾਰ ਵਿੱਚ ਦੋਸ਼ੀ ਪਾਏ ਗਏ ਫੌਜੀ ਅਫਸਰਾਂ ਖਿਲਾਫ ਕਰੜੀ ਤੋਂ ਕਰੜੀ ਕਾਰਵਾਈ ਹੋਣੀ ਚਾਹੀਦੀ ਹੈ। ਅਜਿਹੇ ਅਫਸਰਾਂ ਨੂੰ ਸੇਵਾ ਲਾਭ ਤੋਂ ਵੀ ਵਾਂਝਾ ਕੀਤਾ ਜਾਣਾ ਚਾਹੀਦਾ ਹੈ। ਫੌਜ ਦੇ ਮੁੱਖੀ ਦੀ ਵੀ ਇਸ ਸਬੰਧ ਵਿੱਚ ਜਵਾਬਦੇਹੀ ਹੋਣੀ ਚਾਹੀਦੀ ਹੈ। ਉਸ ਤੋਂ ਵੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਇਸ ਘਪਲੇ ਵਿੱਚ ਸ਼ਾਮਲ ਇੱਕ ਵੱਡੇ ਅਫਸਰ ਨੂੰ ਬਚਾਉਣ ਲਈ ਉਨ੍ਹਾਂ ਨੇ ਚਾਰਾਜੋਈ ਕਿਉਂ ਕੀਤੀ? ਫੌਜ ਵਿੱਚ ਭਰਿਸ਼ਟਾਚਾਰ ਇੱਕ ਤਰ੍ਹਾਂ ਨਾਲ ਗੈਰ-ਅਨੁਸ਼ਾਸਨੀ ਕਾਰਵਾਈ ਹੀ ਹੈ। ਇਸ ਨਾਲ ਫੌਜ ਕਮਜੋਰ ਹੁੰਦੀ ਹੈ ਅਤੇ ਦੇਸ਼ ਦੇ ਹਿੱਤਾਂ ਦਾ ਨੁਕਸਾਨ ਹੁੰਦਾ ਹੈ। ਫੌਜ ਦਾ ਅਜਿਹੀ ਕਿਸੇ ਵੀ ਅਪਰਾਧਕ ਕਾਰਵਾਈ ਵਿੱਚ ਸ਼ਾਮਲ ਹੋਣਾ ਦੇਸ਼ ਧ੍ਰੋਹ ਦੇ ਬਰਾਬਰ ਹੀ ਅਪਰਾਧ ਮੰਨਿਆ ਜਾਣਾ ਚਾਹੀਦਾ ਹੈ। ਸਾਰੇ ਦੋਸ਼ੀ ਫੌਜੀ ਅਫਸਰਾਂ ਨੂੰ ਤੁਰੰਤ ਨੌਕਰੀ ਤੋਂ ਹਟਾ ਕੇ ਇਨ੍ਹਾਂ ਖਿਲਾਫ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕੀਤੇ ਜਾਣ। ਇਸ ਮਾਮਲੇ ਵਿੱਚ ਨਰਮੀ ਦੇਸ਼ ਦੇ ਹਿੱਤਾਂ ਵਿੱਚ ਨਹੀਂ ਹੈ। ਜੇਕਰ ਭਰਿਸ਼ਟਾਚਾਰ ਦੇ ਮਾਮਲੇ ਵਿੱਚ ਛੋਟੇ-ਛੋਟੇ ਸਿਵਲ ਮੁਲਾਜ਼ਮਾਂ ਖਿਲਾਫ ਵੀ ਕਰੜੀ ਕਾਰਵਾਈ ਹੋ ਸਕਦੀ ਹੈ ਤਾਂ ਫੌਜੀ ਅਫਸਰਾਂ ਖਿਲਾਫ ਇਸ ਤੋਂ ਵੀ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

*-ਬਲਜੀਤ ਸਿੰਘ ਬਰਾੜ*

# ਗੁਰ ਕੀ ਮਤਿ ਤੂੰ ਲੇਹਿ ਇਆਨੇ

**ਇਕਬਾਲ ਸਿੰਘ**

ਖੁਸ਼ੀ ਜਾਂ ਆਨੰਦ ਜੀਵਨ ਦਾ ਅੰਤਿਮ ਉਦੇਸ਼ ਹੁੰਦਾ ਹੈ, ਕਿਉਂਕਿ ਅੱਛੀ ਸਿਹਤ, ਦੌਲਤ, ਸ਼ਕਤੀ ਅਤੇ ਨਾਮ ਬਣਾ ਲੈਣ ਉਪਰੰਤ ਵੀ ਇਨਸਾਨ ਜੀਵਨ ਵਿੱਚ ਆਨੰਦ ਦੀ ਇੱਛਾ ਹੀ ਰੱਖਦਾ ਹੈ ਅਤੇ ਇਸ ਨੂੰ ਪ੍ਰਾਪਤ ਕਰਦੇ-ਕਰਦੇ ਹੋਰ ਕਈ ਵਖਰੇਵੇਂ ਖੜ੍ਹੇ ਕਰ ਲੈਂਦਾ ਹੈ। ਜਦੋਂ ਮੌਤ ਸਾਹਮਣੇ ਖੜ੍ਹੀ ਹੁੰਦੀ ਹੈ ਤਾਂ ਇਨਸਾਨ ਨੂੰ ਪਰਿਵਾਰ, ਪੈਸਾ, ਸ਼ਕਤੀ ਤੇ ਦੋਸਤਾਂ ਦਾ ਨਹੀਂ, ਕੇਵਲ ਅਕਾਲ ਪੁਰਖ ਵਾਹਿਗੁਰੂ ਜਾਂ ਗੁਰੂ ਦਾ ਸਹਾਰਾ ਹੁੰਦਾ ਹੈ। ਜਿੱਥੇ ਇਨਸਾਨ ਦੀ ਸ਼ਕਤੀ ਦਾ ਖਾਤਮਾ ਹੁੰਦਾ ਹੈ, ਉੱਥੇ ਅਕਾਲ ਪੁਰਖ ਦੀ ਜੋਤ ਧਰਮ ਦੇ ਰੂਪ ਵਿੱਚ ਜਾਗ੍ਰਿਤ ਹੁੰਦੀ ਹੈ। ਸਿੱਖ ਧਰਮ ਵਿੱਚ ਵੀ ਗੁਰੂ ਦੀ ਪ੍ਰਾਪਤੀ ਨਾਲ ਆਨੰਦ ਦੀ ਅਵਸਥਾ ਦਾ ਜਿਕਰ

"ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ"

ਸਤਿਗੁਰ ਤ ਪਾਇਆ ਸਹਜ ਸੇਤੀ ਮਨਿ ਵਜੀਆਂ ਵਧਾਈਆਂ" (ਅੰਗ 917) ਨਾਲ ਮਿਲਦਾ ਹੈ।

ਦਸ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਵਿੱਚ ਇੱਕ ਵਿਲੱਖਣ ਜੀਵਨ-ਜੁਗਤ ਜੋ ਕਰਮ-ਕਾਂਡ ਜੰਤਰ-ਮੰਤਰ, ਤੰਤਰ, ਪੁਜਾਰੀਵਾਦ, ਜਾਤ-ਪਾਤ, ਉਚ-ਨੀਚ ਤੋਂ ਰਹਿਤ, ਨਿਰਭਉ ਨਿਰਵੈਰ, ਕੇਵਲ ਇੱਕ ਅਕਾਲ ਦੇ ਪੁਜਾਰੀ ਹੋ ਕੇ ਅਣਖ ਤੇ ਆਨੰਦ ਦਾ ਜੀਵਨ ਜਿਉਣ ਦਾ ਰਾਹ ਦੱਸਿਆ ਹੈ। ਇਸ ਵਿੱਚ ਘਰ-ਤਿਆਗ, ਸਰੀਰ ਨੂੰ ਕਸ਼ਟ ਦੇਣ, ਧਣੀਆਂ ਤਪਾਉਣ, ਭੁੱਖੇ ਰਹਿਣ, ਬਸਤਰ ਤੇ ਖੁਸ਼ੀਆਂ ਤਿਆਗ ਜਾਂ ਕੁਰਬਾਨੀ ਦੇਣ ਲਈ ਕੋਈ ਥਾਂ ਨਹੀਂ ਸੀ। ਗੁਰੂ ਸਾਹਿਬਾਨ ਨੇ ਪ੍ਰਭੂ ਦਾ ਸਿਮਰਨ, ਧਿਆਨ, ਗੁਰਬਾਣੀ ਵਿਚਾਰ, ਗੁਰਬਾਣੀ ਗਾਇਨ ਤੇ ਸੱਚਾ ਪਿਆਰ ਹੀ ਸਹੀ ਰਾਹ ਦੱਸਿਆ। ਗੁਰੂ ਸਾਹਿਬਾਨ ਨੇ ਇਸ ਲਈ ਸਰੀਰਕ ਬਣਤਰ ਨਾਲੋਂ ਮਾਨਸਿਕ ਤੌਰ 'ਤੇ ਬਦਲਾਵ ਅਤੇ ਦ੍ਰਿੜਤਾ ਵੱਲ ਪ੍ਰੇਰਿਤ ਕੀਤਾ, ਜਿਸ ਵਿੱਚ ਕੇਵਲ ਇੱਕ ਅਕਾਲ ਪੁਰਖ ਦੇ ਭੈਅ ਵਿੱਚ ਰਹਿ ਕੇ ਆਪਣਾ ਜੀਵਨ ਜਿਉਣਾ ਹੈ। ਅਕਾਲ ਪੁਰਖ, ਧਾਰਮਿਕ ਪੁਸਤਕਾਂ ਵਿੱਚ ਨਾ ਹੋ ਕੇ ਕਣ-ਕਣ ਵਿੱਚ ਵਿਆਪਕ ਹੈ।

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥
ਨਾਨਕ ਪਾਤਿਸਾਹੁ ਦਿਸੈ ਜਾਹਰਾ॥ (ਅੰਗ 397)

ਗੁਰੂ ਸਾਹਿਬਾਨ ਨੇ ਹਰ ਸਿੱਖ ਨੂੰ ਆਪਣਾ ਘਰ ਧਰਮ ਦਾ ਕੇਂਦਰ ਧਰਮਸ਼ਾਲ ਬਨਾਉਣ ਲਈ ਉਤਸ਼ਾਹਿਤ ਕੀਤਾ, ਜਿੱਥੇ ਗੁਰਮਤਿ ਅਨੁਸਾਰ ਜੀਵਨ, ਗੁਰਬਾਣੀ ਵਿਚਾਰ ਤੇ ਲੋੜਵੰਦ ਦੀ ਮੱਦਦ ਕਰਨਾ ਜਰੂਰੀ ਸੀ। ਜਿਸ ਵਿੱਚ ਖਾਣਾ ਬਣਾਉਣ ਉਪਰੰਤ ਹਰ ਸਿੱਖ ਘਰੋਂ ਬਾਹਰ ਨਿਕਲ ਕੇ ਆਵਾਜ਼ ਦੇਵੇ ਕਿ "ਗੁਰੂ ਕਾ ਲੰਗਰ ਤਿਆਰ ਹੈ ਲੋੜਵੰਦ ਆ ਕੇ ਛਕੋ।" ਇਸ ਨਵੀਂ ਜੀਵਨ-ਜਾਚ ਵਿੱਚ ਅਣਖ ਤੇ ਆਨੰਦ ਸਿਰਮੌਰ ਸਨ, ਜਿਸਨੂੰ ਸਹਿਜੇ ਹੀ ਦੁਨੀਆਂ ਭਰ ਦੇ ਲੋਕਾਂ ਨੇ ਅਪਣਾ ਲਿਆ। ਇਨ੍ਹਾਂ ਗੁਰੂ ਪਿਆਰਿਆਂ ਨੇ ਧਰਮ ਤੇ ਰਾਜਸੀ ਖੇਤਰ ਵਿੱਚ ਇਨਕਲਾਬ ਲੈ ਆਂਦਾ ਅਤੇ ਦੇਸ਼ ਵਿੱਚੋਂ ਹਜ਼ਾਰਾਂ ਸਾਲ ਪੁਰਾਣੀ ਗੁਲਾਮੀ ਉਤਾਰ ਕੇ ਖਾਲਸਾ ਰਾਜ ਦੀ ਸਥਾਪਨਾ ਵੀ ਕਰ ਲਈ। ਸਿੱਖ ਧਰਮ ਦੁਨੀਆਂ ਦਾ ਸਭ ਤੋਂ ਨਵਾਂ ਧਰਮ ਹੈ, ਜੋ ਸ਼ਰਧਾ ਦੇ ਤਰਕ ਤੇ ਖਰਾ ਉਤਰਦਾ ਹੈ, ਜਿਨ੍ਹਾਂ ਖੋਜਾਂ ਵਿੱਚ ਵਿਗਿਆਨਕ ਜਾਂ ਸਾਇੰਸਦਾਨ ਅੱਜ ਲੱਗੇ ਹੋਏ ਹਨ। ਉਨ੍ਹਾਂ ਬਾਰੇ ਤਾਂ ਗੁਰੂ ਸਾਹਿਬ ਬਹੁਤ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰ ਚੁੱਕੇ ਹਨ।

ਅੱਜ ਜਦੋਂ ਅਸੀਂ 1710 ਈਸਵੀ ਵਿੱਚ ਸਥਾਪਿਤ ਹੋਏ ਖਾਲਸਾ ਰਾਜ ਦੀ 300ਵੀਂ ਵਰ੍ਹੇਗੰਢ ਮਨਾ ਰਹੇ ਹਾਂ ਤਾਂ ਸਿੱਖ ਪੰਥ ਛੋਟੇ-ਛੋਟੇ ਧੜਿਆਂ ਤੋਂ ਗੁਟਾਂ ਵਿੱਚ ਵੰਡਿਆ ਨਜ਼ਰ ਆਉਂਦਾ ਹੈ। ਇੱਕ ਦੂਜੇ ਤੇ ਦੂਸ਼ਣਬਾਜ਼ੀ ਕਰਦਿਆਂ ਕਈ ਭੁੱਲੜ ਤਾਂ ਗੁਰੂ ਸਾਹਿਬਾਨ ਬਾਰੇ ਵੀ ਉਹ ਗੱਲਾਂ ਆਖ ਦਿੰਦੇ ਹਨ, ਜੋ ਜ਼ੁਬਾਨ ਜਾਂ ਕਲਮ ਦੋਵਾਂ ਨੂੰ ਸ਼ੋਭਾ ਨਹੀਂ ਦਿੰਦੀਆਂ। ਗੁਰਮਤਿ-ਗਿਆਨ ਦੀ ਅਣਹੋਂਦ ਕਾਰਨ ਧਾਰਮਿਕ ਖੇਤਰ ਵਿੱਚ ਸਿੱਖ ਪੰਥ ਦੀ ਵਿਲੱਖਣਤਾ ਧੁੰਦਲੀ ਜਾ ਰਹੀ ਹੈ, ਕਿਉਂਕਿ ਜਾਤ, ਵਾਰਨ, ਕੁੱਲ ਗੰਵਾ ਕੇ ਬਣਿਆ ਖਾਲਸਾ ਜਾਤਾਂ—ਗੋਤਾਂ ਦੇ ਨਾਮ ਤੇ ਗੁਰੂ ਘਰ ਬਨਾਉਣ ਲੱਗ ਪਿਆ ਹੈ। ਅਕਾਲ ਦਾ ਪੁਜਾਰੀ ਖਾਲਸਾ ਜੀਵਨ ਦੇ ਦੁੱਖ ਸਮੇਂ, ਜੋ ਨਰੁ ਦੁਖੁ ਮੈਂ ਦੁਖੁ ਨਹੀਂ ਮਾਨੈ॥ ਸੁਖ ਸਨੇਹੁ ਅਰੁ ਭੈਅ ਨਹੀਂ ਜਾ ਕੈ ਕੰਚਨ ਮਾਟੀ ਮਾਨੈ॥ (ਅੰਗ 633) ਦੇ ਹੁਕਮ ਨੂੰ ਭੁੱਲਾ ਕੇ ਤਾਂਤਰਿਕ ਤੇ ਜੋਤਸ਼ੀਆਂ ਮਗਰ ਤੁਰਿਆ ਫਿਰਦਾ ਨਜ਼ਰ ਆਉਂਦਾ ਹੈ। ਗੁਰੂ ਹੁਕਮ ਅਨੁਸਾਰ ਜੀਵਨ ਤੇ ਗੁਰਬਾਣੀ ਦੀ ਸੰਗਤ ਰੂਪ ਵਿੱਚ ਵਿਚਾਰ ਬੀਤੇ ਸਮੇਂ ਦੀ ਗੱਲ ਰਹਿ ਗਈ ਹੈ। ਸਿੱਖ ਮਤ ਤਾਂ ਸਿੱਖੀ ਸਿੱਖਿਆ ਗੁਰ ਵੀਚਾਰਿ ਨਦਰੀ ਕਰਮਿ ਲੰਘਾਏ ਪਾਰਿ॥

"ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥ ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥ (ਅੰਗ 136)" (ਅੰਗ 465) ਹੈ। ਦਿਨ, ਵਾਰ, ਰੁੱਤਾਂ, ਥਿਤਾਂ ਮਨਾਉਣਾ ਗੁਰਮਤਿ ਵਿਰੋਧੀ ਹੈ, ਹੁਕਮ ਦਰਜ ਹੈ-

ਗੁਰੂ ਸਾਹਿਬਾਨ ਨੇ ਬਾਰਾਮਾਹ ਰਾਹੀਂ ਵੀ ਕੇਵਲ ਪ੍ਰਭੂ ਸਿਮਰਨ ਦੀ ਗੱਲ ਕੀਤੀ ਹੈ ਅਤੇ ਦੱਸਿਆ ਹੈ ਕਿ ਅਕਾਲ ਪੁਰਖ ਦਾ ਚਿੰਤਨ ਕਰਦਿਆਂ ਹਰ ਪਲ ਪਵਿੱਤਰ ਹੈ। ਗੁਰਮਤਿ ਅਨੁਸਾਰ ਗੁਰਬਾਣੀ, ਤੋਤਾ-ਰਟਨੀ ਨਾ ਹੋ ਕੇ ਵਿਚਾਰਨ ਦਾ ਵਿਸ਼ਾ ਹੈ। "ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮਖਿ ਹੋਇ॥ ਇਹ ਬਾਣੀ ਮਹਾਂਪੁਰਖ ਕੀ ਨਿਜ ਘਰਿ ਵਾਸਾ ਹੋਇ॥ ਅੰਗ (935) ਗੁਰਬਾਣੀ ਵਿਚਾਰਨ ਨਾਲ ਹੀ ਇਨਸਾਨ ਦਾ ਮਨ ਟਿਕਾਓ ਵਿੱਚ ਆਉਂਦਾ ਹੈ ਅਤੇ ਹਰ ਸਮੱਸਿਆ ਸਮੇਂ ਗੁਰੂ ਉਪਦੇਸ਼ ਸਪੱਸ਼ਟ ਹੁੰਦਾ ਹੈ। ਸਿੱਖ ਮਰਿਯਾਦਾ, ਨਾਮ-ਸਿਮਰਨ, ਗੁਰਬਾਣੀ ਗਾਇਨ, ਗੁਰੂ ਉਪਦੇਸ਼ ਅਨੁਸਾਰ ਜੀਵਨ ਦੇ ਸਵਾਸ-ਸਵਾਸ ਨਾਲ ਹਰੀ ਦੇ ਨਾਮ ਦਾ ਧਿਆਨ ਕਰਨਾ ਹੈ, ਜਿਸ ਬਾਰੇ ਹੁਕਮ ਦਰਜ ਹੈ-'ਗੁਰ ਸਤਿਗੁਰ ਕਾ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ "( ਅੰਗ 305) । ਗੁਰੂ ਸਹਿਬਾਨ ਨੇ ਦੂਜੀ ਗੱਲ ਸਤਿਸੰਗ ਦੀ ਕੀਤੀ ਹੈ- "ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥" ( ਅੰਗ 72)। ਗੁਰਦੁਆਰਾ ਸਾਹਿਬਾਨ ਜੋ ਗੁਰੂ ਸਾਹਿਬਾਨ ਤੋਂ ਬਾਅਦ ਸਿੱਖਾਂ ਦੇ ਕੇਂਦਰੀ ਸਥਾਨ ਬਣੇ ਬਾਰੇ ਆਮ ਲਫ਼ਜ਼ "ਮੱਥਾ ਟੇਕਣ ਚੱਲੇ ਹਾਂ" ਪ੍ਰਚੱਲਿਤ ਹੋ ਗਿਆ ਹੈ। ਆਪਣੇ ਆਖਣ ਅਨੁਸਾਰ ਹੀ ਸਿੱਖ, ਗੁਰਦੁਆਰਾ ਸਾਹਿਬ ਵਿੱਚ ਜਾ ਕੇ ਗੁਰੂ ਸਾਹਮਣੇ ਨਤਮਸਤਕ ਤਾਂ ਹੁੰਦਾ ਹੈ ਪਰ ਗੁਰੂ ਦੀ ਸਿੱਖਿਆ ਗ੍ਰਹਿਣ ਨਹੀਂ ਕਰਦਾ ਅਤੇ ਨਾ ਹੀ ਆਪਣੀ ਜੀਵਨ ਉਸ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦਾ ਹੈ, ਕਿਉਂਕਿ ਗੁਰਦੁਆਰਾ ਸਾਹਿਬਾਨ ਦੇ ਅੰਦਰ ਵੀ ਸਿੱਖ ਮੱਤ ਬਾਰੇ ਜਾਣਕਾਰੀ ਦੇਣ ਵਾਲਾ ਵਿਅਕਤੀ ਮੌਜੂਦ ਨਹੀਂ ਹੁੰਦਾ। ਪ੍ਰਾਪਤੀ ਤਾਂ "ਮਨੁ ਬੇਚੈ ਸਤਿਗੁਰੂ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ ॥ ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਿਤ ਸੁਆਮੀ॥" (ਅੰਗ 286) ਦੇ ਹੁਕਮ ਅਨੁਸਾਰ ਤੁਰਿਆਂ ਹੀ ਹੋ ਸਕਦੀ ਹੈ। ਗੁਰੂ ਹੁਕਮ ਤਾਂ ਬਾਣੀ ਦਾ ਰੂਪ ਹੋਣਾ ਹੈ। ਸਤਿਗੁਰੂ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥ ( ਅੰਗ 304), ਕੇਵਲ ਸਰੀਰਕ ਤੌਰ 'ਤੇ ਝੁਕਣ ਦਾ ਨਹੀਂ।

ਗੁਰਮਤਿ-ਗਿਆਨ ਵਾਲੇ ਧਾਰਮਿਕ ਆਗੂ ਇੱਕ ਦੂਜੇ ਵਿਰੁੱਧ ਹੀ ਦੂਸ਼ਣਬਾਜੀ ਕਰਨ ਵੱਲ ਲੱਗੇ ਹੋਏ ਹਨ ਅਤੇ ਹਉਮੈ ਕਾਰਨ ਗੁਰਮਤਿ ਵਿਰੁੱਧ ਬੇਲੋੜੇ ਵਿਵਾਦ ਖੜ੍ਹੇ ਕਰ ਰਹੇ ਹਨ। ਇਹ ਵਿਦਵਾਨ "ਜਗਿ ਗਿਆਨੀ ਵਿਰਲਾ ਅਚਾਰੀ॥ ਜਗਿ ਪੰਡਤਿ ਵਿਰਲਾ ਵੀਚਾਰੀ॥ ਬਿਨ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥ "( ਅੰਗ 413) ਦਾ ਰੂਪ ਹੋ ਕੇ ਕਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰਾਗ ਮਾਲਾ ਦਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿਨ੍ਹਾਂ ਨੂੰ ਦਸਮ ਪਾਤਸ਼ਾਹ ਨੇ ਗੁਰਤਾਗੱਦੀ ਦੀ ਬਖਸ਼ਿਸ਼ ਕਰਕੇ ਸਦੀਵੀਂ ਗੁਰੂ ਸਥਾਪਿਤ ਕੀਤਾ ਹੈ, ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਕਰਕੇ, ਕਦੇ ਗੁਰਦੁਆਰਾ ਸਾਹਿਬਾਨ ਅੰਦਰ ਮਰਿਯਾਦਾ, ਜਾਂ ਨਾਨਕਸ਼ਾਹੀ ਕਲੰਡਰ ਦੀ ਗੱਲ ਕਰਕੇ (ਜੋ ਆਪਣੇ ਜੀਵਨ ਵਿੱਚ ਪੂਰਨ ਰੂਪ ਵਿੱਚ ਅਪਨਾਉਣ ਦੇ ਸਭ ਅਸਮਰਥ ਹਨ, ਕਿਉਂਕਿ ਸਰਕਾਰੀ ਕੰਮ-ਕਾਰ ਤਾਂ ਈਸਵੀ ਕਲੰਡਰ ਨਾਲ ਹੁੰਦਾ ਹੈ)। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਤੇ ਮੌਜੂਦਾ ਸੇਵਾਦਾਰਾਂ ਨੇ ਤਾਂ ਆਪਣੀ ਹਉਮੈ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਵਿਵਾਦ ਦੇ ਘੇਰੇ ਵਿਚ ਲੈ ਆਂਦਾ ਹੈ। ਧਰਮ ਪ੍ਰਚਾਰ ਜਾਂ ਸੇਵਾ ਦੇ ਨਾਂ ਤੇ ਪਿੰਡਾਂ ਕਸਬਿਆਂ ਵਿੱਚ ਪਿਤਾ-ਪੁਰਖੀ ਡੇਰੇ ਸਥਾਪਿਤ ਹੁੰਦੇ ਜਾ ਰਹੇ ਹਨ। ਜਿਨ੍ਹਾਂ ਦੀ ਆਪਣੀ-ਆਪਣੀ ਮਰਿਯਾਦਾ ਹੈ। ਕੁੱਝ ਡੇਰੇ ਤਾਂ ਗੁਰਮਤਿ ਵਿਰੋਧੀ ਵੀ ਹਨ, ਜੋ ਗੁਰਬਾਣੀ ਦਾ ਵਿਖਿਆਨ ਤਾਂ ਆਪਣੇ ਪੈਰੋਕਾਰਾਂ 'ਤੇ ਪ੍ਰਭਾਵ ਪਾਉਣ ਲਈ ਕਰਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਤੋਂ ਆਕੀ ਹਨ। ਉਹਨਾਂ ਡੇਰਿਆਂ ਵਿਚ ਆਸ਼ੀਰਵਾਦ ਲੈਣ ਲਈ ਵੱਡੇ ਆਗੂ, ਆਮ ਸੰਗਤ ਦੇ ਸਾਹਮਣੇ ਹੁੰਦੇ ਹਨ ਤੇ ਡੇਰੇ ਨੂੰ ਮਾਨਤਾ ਦਿੰਦੇ ਹਨ।

ਸਮਾਜਿਕ ਖੇਤਰ ਵਿੱਚ "ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ (ਅੰਗ 611), .... ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ (ਅੰਗ 97), .... ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹ ਦਾਨੁ ਮੈ ਦਾਜੋ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥ (ਅੰਗ 78-79), .... ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ (ਅੰਗ 472), .... ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਅੰਗ 473) ਦੇ ਆਦਰਸ਼ ਹੁਕਮਾਂ ਅਨੁਸਾਰ ਸਿੱਖ-ਜੀਵਨ ਨਜ਼ਰ ਨਹੀਂ ਆ ਰਿਹਾ। ਇਕ ਮੁਸਲਮਾਨ ਲੇਖਕ ਨੇ ਵਿਅੰਗ ਕਰਦੇ ਹੋਏ ਕਿਹਾ ਕਿ "ਇਸਾਲਮ ਵਿੱਚ ਕੇਵਲ ਕਲਮਾ ਪੜ੍ਹਨ ਵਾਲੇ ਨੂੰ ਮੁਸਲਮਾਨ ਮੰਨ ਲਿਆ ਜਾਂਦਾ ਹੈ ਅਤੇ ਨਾਂ, ਰੋਜ਼ਾ, ਸੁੰਨਤ ਬਾਰੇ ਵਿਵਾਦ ਨਹੀਂ, ਪਰ ਸਿੱਖ ਸਾਬਤ ਸੂਰਤ ਦਸਤਾਰ-ਸਿਰਾ ਹੋਣ ਦੇ ਬਾਵਜੂਦ ਵੀ ਇਕ ਦੂਜੇ ਲਈ ਸਿੱਖ ਨਹੀਂ ਹਨ।"

ਪਿਛਲੇ ਸਮੇਂ ਵਿਚ ਸਿੱਖ ਰਾਜਸੀ ਆਗੂਆਂ ਨੇ ਜਿਨ੍ਹਾਂ ਸਮੱਸਿਆਵਾਂ ਨੂੰ ਸਿੱਖ ਕੌਮ ਦੀਆਂ ਸਮੱਸਿਆਵਾਂ ਮੰਨ ਕੇ ਜਦੋ-ਜਹਿਦ ਆਰੰਭ ਕੀਤੀ:- "ਪੰਜਾਬੀ ਸੂਬਾ" ਜਿਸ ਵਿੱਚ ਭਾਖੜਾ ਨੰਗਲ, ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ ਦੀ ਪ੍ਰਾਪਤੀ ਅਜੇ ਨਹੀਂ ਹੋਈ, ਸੂਬਿਆਂ ਲਈ ਵੱਧ ਅਧਿਕਾਰ ਜਾਂ ਵੱਖਰੇ ਦੇਸ਼ ਦੀ ਪ੍ਰਾਪਤੀ। ਇਹਨਾਂ ਸਾਰਿਆਂ ਮੁੱਦਿਆਂ 'ਤੇ ਹੋਏ ਅੰਦੋਲਨਾਂ ਵਿੱਚ ਪੰਥਕ ਨੁਕਸਾਨ, ਪ੍ਰਾਪਤੀਆ ਦੇ ਮੁਕਾਬਲੇ ਕਿਤੇ ਵੱਧ ਹੋਇਆ ਹੈ ਅਤੇ ਪੀੜ੍ਹਤ ਪਰਿਵਾਰ 25 ਸਾਲ ਤੋਂ ਜ਼ਿਆਦਾ ਸਮੇਂ ਤੋਂ ਇਨਸਾਫ ਦੀ ਉਡੀਕ ਵਿੱਚ ਹਨ, ਪਰ ਰਾਜਸ਼ੀ ਸ਼ਕਤੀ ਪ੍ਰਾਪਤ ਹੋਣ ਤੇ ਇਹ ਮੁੱਦੇ ਆਗੂਆਂ ਦੇ ਨਿਸ਼ਾਨੇ ਤੋਂ ਪਿੱਛੇ ਰਹਿ ਗਏ ਹਨ। ਇਹਨਾਂ ਵਿਵਾਦਾਂ ਕਰਕੇ ਆਮ ਸਿੱਖ ਦੀਆਂ ਸਮੱਸਿਆਵਾਂ ਵਿੱਚ ਵਾਧਾ ਹੋਇਆ ਹੈ ਅਤੇ ਸਿੱਖ ਦੀ ਦਸਤਾਰ ਆਪਣੇ ਅਤੇ ਬਾਹਰਲੇ ਦੇਸ਼ਾਂ ਵਿੱਚ ਸਨਮਾਨ ਦੀ ਥਾਂ ਖੱਜਲ-ਖੁਆਰੀ ਦਾ ਕਾਰਨ ਬਣਦੀ ਜਾ ਰਹੀ ਹੈ, ਜਿਸ ਕਾਰਨ ਸ਼ਾਇਦ ਸਿੱਖ ਨੌਜਵਾਨ ਇਸ ਤੋਂ ਪ੍ਰਹੇਜ ਕਰਨ ਲੱਗ ਪਏ ਹਨ। ਅੱਜ ਇਨ੍ਹਾਂ ਸਮੱਸਿਆਵਾਂ ਬਾਰੇ ਬੋਲਣ ਤੋਂ ਵੀ ਲੋਕ ਇਹ ਆਖ ਕੇ ਚੁੱਪ ਹੋ ਜਾਂਦੇ ਹਨ। ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ (ਅੰਗ 149) ਜਾਂ "ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਅਖਰੁ ਏਹੋ ਬੁਝੀਐ॥ ਮੂਰਖੈ ਨਾਲਿ ਨ ਲੁਝੀਐ॥" (ਅੰਗ 473), ਪਰ ਆਮ ਸਿੱਖ ਸੰਗਤ ਨਿਰਾਸ਼ ਤੇ ਨਾਰਾਜ਼ ਜ਼ਰੂਰ ਹੈ।

ਚੰਗੇ ਆਗੂਆਂ ਲਈ ਗੁਰੂ ਹੁਕਮ ਦਰਜ ਹੈ: "ਜਿਸ ਕੈ ਅੰਤਰਿ ਬਸੈ ਨਿਰੰਕਾਰੁ॥ ਤਿਸ ਕੀ ਸੀਖ ਤਰੈ ਸੰਸਾਰੁ" (ਅੰਗ 269), .... "ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥" (ਅੰਗ 1240)... "ਸੰਤਾ ਮਾਨਉ ਦੂਤਾ ਡਨਾਉ ਇਹ ਕੁਟਵਾਰੀ ਮੇਰੀ॥" (ਅੰਗ 969), "ਸੂਰਵੀਰ ਬਚਨ ਕੇ ਬਲੀ"। ਦੂਜੇ ਪਾਸੇ ਮਨਮੁਖ ਲਈ ਦਰਜ ਹੈ:- "ਅੰਧਾ ਆਗੂ ਜੇ ਥੀਐ ਕਿਉਂ ਪਾਧਰੁ ਜਾਣੈ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥" (ਅੰਗ 767), ...." ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥" (ਅੰਗ 1288)। .... "ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥" (ਅੰਗ 269) ਗੁਰਮਤਿ ਦੀ ਰੋਸ਼ਨੀ ਵਿੱਚ ਸੰਗਤ ਨਿਰਣਾ ਕਰ ਸਕਦੀ ਹੈ।

ਸਮੱਸਿਆਵਾਂ ਦੇ ਹੱਲ ਲਈ ਹੁਕਮ ਦਰਜ ਹੈ- "ਹੋਹਿ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥" (ਅੰਗ 1185)", ਸਰਬੱਤ ਖਾਲਸਾ ਜਾਂ ਪ੍ਰਮੁੱਖ ਕੌਮੀ ਆਗੂ ਇਕੱਠੇ ਹੋ ਕੇ ਵਿਚਾਰ ਕਰਨ ਜਾਂ ਗਿਆਨਵਾਨ ਪੰਜ ਪਿਆਰਿਆਂ ਦੀ ਚੋਣ ਕਰਨ। ਪੰਜਾਂ ਪਿਆਰਿਆਂ ਵੱਲੋਂ ਹੁਕਮ ਤਾਂ ਸ੍ਰੀ ਗੁਰੂ ਗੋਬਿੰਦ ਜੀ ਨੂੰ ਚਮਕੌਰ ਦੀ ਗੜ੍ਹੀ ਛੱਡਣ ਲਈ ਵੀ ਦਿੱਤਾ ਗਿਆ ਸੀ, ਜਿਸ ਦੀ ਗੁਰੂ ਜੀ ਨੇ ਪਾਲਣਾ ਕੀਤੀ ਸੀ। ਪਰ ਸੱਚ ਇਹ ਵੀ ਹੈ ਕਿ ਅਗਲੇ ਦਿਨ ਉਹ ਪੰਜ ਪਿਆਰੇ ਗੁਰੂ ਦੇ ਰਾਹ ਤੇ ਚਲਦੇ ਹੋਏ ਸ਼ਹੀਦੇ ਹੋ ਗਏ ਸਨ। ਉਸ ਹੁਕਮ ਵਿੱਚ ਪੰਥਕ ਭਲਾਈ ਤੇ ਦੂਰ-ਅੰਦੇਸ਼ ਸੀ, ਵਿਅਕਤੀਗਤ ਲਾਭ ਨਹੀਂ, ਤਨਖਾਹਦਾਰ ਤਾਂ ਆਪਣੇ ਅੰਨਦਾਤਾ ਦਾ ਹੀ ਵਿਸ਼ਵਾਸ ਪਾਤਰ ਜਾਂ ਹੁਕਮ ਮੰਨਣ ਵਾਲਾ ਹੋਵੇਗਾ, ਕਿਉਂਕਿ "ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ॥ ਵਜਹੁ ਗਵਾਏ ਮੁਹੇ ਮੁਹਿ ਪਾਣਾ ਖਾਇ॥ ਜਿਸ ਦਾ ਦਿੱਤਾ ਖਾਵਣਾ ਤਿਸੁ ਕਹੀਐ ਸਾਬਾਸਿ॥ ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥" (ਅੰਗ 474) ਪਦਾਰਥਵਾਦੀ ਯੁੱਗ ਵਿੱਚ ਧਰਮ ਲਈ ਧਨ ਛੱਡਣ ਵਾਲੇ ਜ਼ਿਆਦਾ ਲੋਕ ਮਿਲ ਸਕਣ, ਇਹ ਸੰਭਵ ਨਹੀਂ।

ਸਵਾਲ ਹੈ ਕਿ ਕੀ ਅਸੀਂ ਹੁਕਮਾਂ ਤੇ ਚੱਲ ਰਹੇ ਹਾਂ ਜਾਂ ਨਹੀਂ? ਕਿਉਂਕਿ ਤਖ਼ਤ ਦੇ ਮੌਜੂਦਾ ਅਤੇ ਸਾਬਕਾ ਜਥੇਦਾਰ, ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਐਗਜੈਕਟਿਵ ਤੇ ਪੰਥਕ ਜਥੇਬੰਦੀਆਂ ਉਪਰੋਕਤ ਮੁੱਦਿਆ 'ਤੇ ਵੰਡੀਆਂ ਨਜ਼ਰ ਆਉਂਦੀਆਂ ਹਨ ਅਤੇ ਆਮ ਸ਼ਰਧਾਵਾਨ ਸਿੱਖ, ਆਗੂਆਂ ਦੀ ਵੰਡ, ਦੂਸ਼ਣਬਾਜ਼ੀ, ਵੱਖ-ਵੱਖ ਮਰਿਯਾਦਾਵਾਂ ਅਤੇ ਪ੍ਰਚਾਰ ਦੀ ਘਾਟ ਕਾਰਨ ਦੁਬਿਧਾ ਵਿੱਚ ਹੈ ਜਾਂ ਆਪਣੇ ਮੰਨ ਦੇ ਸਵਾਲਾਂ ਦਾ ਜੁਆਬ ਤੇ ਸ਼ਾਂਤੀ ਲਈ ਦੂਜੇ ਡੇਰਿਆਂ 'ਤੇ ਫੇਰੇ ਮਾਰਨੇ ਸ਼ੁਰੂ ਕਰ ਬੈਠਾ ਹੈ, ਹੁਕਮ ਹੈ "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥ ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥" ਅੰਗ (671) ਉਹਨਾਂ ਨੂੰ ਵਾਪਸ ਆਪਣੇ ਘਰ ਲਿਆਉਣ ਲਈ ਗੁਰਮਤਿ ਦਾ ਪ੍ਰਕਾਸ਼ ਜਾਂ ਚਾਨਣਾ ਜ਼ਰੂਰੀ ਹੈ। ਗੁਰਮਤਿ ਅਨੁਸਾਰ ਸਹਿਜੇ ਹੀ ਆਨੰਦ ਦੀ ਪ੍ਰਾਪਤੀ ਹੋ ਸਕਦੀ ਹੈ, ਦਰਜ ਹੈ, "ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥ ਪਾਰਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥ ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥" (ਅੰਗ 922)। ਸਾਰੀਆਂ ਸਮੱਸਿਆਵਾਂ ਮਿਲ ਬੈਠ ਕੇ ਹੱਲ ਕਰਨ ਯੋਗ ਹਨ ਲੋੜ ਹੈ ਹਉਮੈ ਤਿਆਗ ਕੇ" ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥" (ਅੰਗ 288) ਨੂੰ ਵਿਚਾਰਨ ਦੀ, ਨਹੀਂ ਤਾਂ ਆਉਣ ਵਾਲੀਆਂ ਨਸਲਾਂ ਮੁਆਫ਼ ਨਹੀਂ ਕਰਨਗੀਆਂ।

*ਸੀਨੀਅਰ ਪੁਲਿਸ ਕਪਤਾਨ*

# ਮਹਾਨ ਆਜ਼ਾਦੀ ਘੁਲਾਟੀਆ ਹੀਰਾ ਸਿੰਘ ਭੱਠਲ

**ਦਮਨਜੀਤ ਸਿੰਘ**

ਮਹਾਨ ਆਜ਼ਾਦੀ ਘੁਲਾਟੀਏ ਬਾਬਾ ਹੀਰਾ ਸਿੰਘ ਭੱਠਲ ਦਾ ਜਨਮ 1899 ਵਿੱਚ ਨਾਭਾ ਰਿਆਸਤ ਦੇ ਜ਼ਿਲ੍ਹਾ ਫੂਲ ਦੇ ਇਤਿਹਾਸਕ ਪਿੰਡ ਭੱਠਲ ਵਿਖੇ ਇੱਕ ਸਧਾਰਨ ਕਿਸਾਨ ਚੰਨਣ ਸਿੰਘ ਦੇ ਘਰ ਹੋਇਆ, ਭਾਵੇਂ ਉਹ ਪ੍ਰਾਇਮਰੀ ਤੱਕ ਹੀ ਸਿੱਖਿਆ ਪ੍ਰਾਪਤ ਕਰ ਸਕੇ, ਪਰ ਉਨ੍ਹਾਂ ਇਨਕਲਾਬ ਦਾ ਸਾਕਾਲ ਚਿੰਨ੍ਹ ਬਣ ਕੇ ਪੰਜਾਬ ਦੀਆਂ ਦੇਸੀ ਰਿਆਸਤਾਂ ਵਿੱਚ ਵਿਦੇਸ਼ੀ ਸਾਮਰਾਜ ਸ਼ਾਹੀ ਨੂੰ ਜੜ੍ਹੋਂ ਉਖਾੜਨ ਲਈ ਅੰਗਰੇਜ਼ ਦੇ ਟੋਡੀ ਏਜੰਟਾਂ ਅਤੇ ਪੁਲਿਸ ਟਾਊਟਾਂ ਦੀ ਕਈ ਦਹਾਕੇ ਤੱਕ ਨੀਂਦ ਹਰਾਮ ਕਰੀ ਰੱਖੀ।

18 ਸਾਲ ਦੀ ਉਮਰ ਵਿੱਚ ਹੀਰਾ ਸਿੰਘ ਭਾਰਤੀ ਸੈਨਾ ਵਿੱਚ ਭਰਤੀ ਹੋ ਗਏ। ਪਹਿਲੀ ਸੰਸਾਰ ਜੰਗ ਵਿੱਚ ਉਨ੍ਹਾਂ ਆਪਣੇ ਸਾਥੀਆਂ ਨਾਲ ਸਮੁੰਦਰੋਂ ਪਾਰ ਜਾ ਕੇ ਅੰਗਰੇਜ਼ੀ ਹਕੂਮਤ ਲਈ ਅਗਲੇ ਮੋਰਚਿਆਂ ਵਿੱਚ ਹਿੱਸਾ ਲਿਆ। ਜਦੋਂ ਪੰਜਾਬ ਵਿੱਚ ਜਲ੍ਹਿਆਂ ਵਾਲਾ ਬਾਗ ਵਿੱਚ ਖੂਨੀ ਸਾਕਾ ਵਾਪਰਿਆ ਤਾਂ ਉਸ ਸਮੇਂ ਬਾਬਾ ਹੀਰਾ ਸਿੰਘ ਭੱਠਲ ਫਰਾਂਸ ਵਿੱਚ ਸਨ। ਇਸ ਸਾਕੇ ਦਾ ਬਾਬਾ ਜੀ ਦੇ ਜੀਵਨ 'ਤੇ ਬਹੁਤ ਪ੍ਰਭਾਵ ਪਿਆ ਤੇ ਉਨ੍ਹਾਂ ਜ਼ਿੰਦਗੀ ਦਾ ਬਾਕੀ ਹਿੱਸਾ ਭਾਰਤੀਆਂ ਵੱਲੋਂ ਆਰੰਭੇ ਗਏ ਸੰਘਰਸ਼ ਨੂੰ ਸਮਰਪਿਤ ਕਰਨ ਦਾ ਫੈਸਲਾ ਕਰ ਲਿਆ। ਸਰਕਾਰ ਨੇ 21 ਜੂਨ, 1919 ਨੂੰ ਹੀਰਾ ਸਿੰਘ ਭੱਠਲ ਦੀਆਂ ਬਾਗੀ ਸਰਗਰਮੀਆਂ ਨੂੰ ਵੇਖਦੇ ਹੋਏ, ਫੌਜ ਵਿੱਚੋਂ ਡਿਸਮਿਸ ਕਰ ਦਿੱਤਾ।

1920-21 ਨੂੰ ਸੈਂਟਰਲ ਸਿੱਖ ਲੀਗ ਦੀ ਸਲਾਨਾ ਕਨਵੈਨਸ਼ਨ ਲਾਇਲਪੁਰ ਹੋਈ, ਜਿਸ ਵਿੱਚ ਭਾਗ ਲੈਣ ਦੇ ਦੋਸ਼ ਅਧੀਨ ਹੀਰਾ ਸਿੰਘ ਭੱਠਲ ਨੂੰ ਵਾਪਸ ਨਾਭਾ ਪਰਤਣ ਤੇ ਗ੍ਰਿਫਤਾਰ ਕਰ ਲਿਆ ਤੇ ਪੰਜ ਮਹੀਨਿਆਂ ਲਈ ਜੇਲ੍ਹ ਭੇਜ ਦਿੱਤਾ। ਸਰਕਾਰ ਵਿਰੁੱਧ ਦਿੱਤੇ ਗਏ ਜੋਸ਼ੀਲੇ ਭਾਸ਼ਣ ਕਾਰਨ ਆਪ ਨੂੰ 1922 ਵਿੱਚ ਇਨ੍ਹਾਂ ਦੇ ਪਿੰਡ ਵਿੱਚ ਹੀ ਨਜ਼ਰਬੰਦ ਕਰ ਦਿੱਤਾ ਗਿਆ। ਇਸੇ ਕਾਰਨ ਹੀ ਨਾਭਾ ਡਵੀਜ਼ਨ ਦੇ ਮੈਜਿਸਟਰੇਟ ਨੇ ਇਨ੍ਹਾਂ ਨੂੰ ਦੇਸ਼ ਵਿਰੋਧੀ ਕਾਰਵਾਈਆਂ ਕਰਨ ਬਦਲੇ ਦੋ ਸਾਲਾਂ ਦੀ ਸਖਤ ਸਜ਼ਾ ਸੁਣਾਈ। ਉਨ੍ਹਾਂ ਸਾਰੀ ਜਾਇਦਾਦ ਜ਼ਬਤ ਕਰ ਲਈ ਗਈ ਤੇ 1945 ਤੱਕ ਦੇਸ਼ ਨਿਕਾਲਾ ਦੇਈ ਰੱਖਿਆ। 18 ਸਾਲ ਤੱਕ ਆਪ ਨੇ ਲਾਹੌਰ, ਮੁਲਤਾਨ, ਅੰਮ੍ਰਿਤਸਰ, ਗੁਰਦਾਸਪੁਰ, ਨਾਭਾ, ਪਟਿਆਲਾ, ਅੰਬਾਲਾ ਅਤੇ ਦਿੱਲੀ ਦੀਆਂ ਜੇਲ੍ਹਾਂ ਵਿੱਚ ਸੰਘਰਸ਼ਮਈ ਜੀਵਨ ਬਤੀਤ ਕੀਤਾ, ਪਰ ਅੰਗਰੇਜ਼ੀ ਹਕੂਮਤ ਦੇ ਕਠੋਰ ਤੋਂ ਕਠੋਰ ਤਸ਼ੱਦਦ, ਤਸੀਹੇ, ਗ੍ਰਿਫਤਾਰੀਆਂ, ਲੰਬੀਆਂ ਕੈਦਾਂ ਅਤੇ ਕੁਰਕੀਆਂ ਇਨ੍ਹਾਂ ਨੂੰ ਆਪਣੇ ਨਿਸ਼ਾਨੇ ਤੋਂ ਡੋਗ ਨਾ ਸਕੀਆਂ। 1923 ਵਿੱਚ ਬਾਬਾ ਹੀਰਾ ਸਿੰਘ ਭੱਠਲ ਨੂੰ ਨਾਭਾ ਵਿੱਚ ਬੰਦ ਕਰ ਦਿੱਤਾ। ਇੱਥੇ ਇਨ੍ਹਾਂ ਦਾ ਮੇਲ ਮਹਾਂਵੀਰ ਤਿਆਗੀ, ਪੰਡਿਤ ਜਵਾਹਰ ਲਾਲ ਨਹਿਰੂ ਅਤੇ ਮੰਗਲ ਸਿੰਘ ਵਰਗੇ ਆਜ਼ਾਦੀ ਸੰਗਰਾਮੀਆਂ ਨਾਲ ਹੋਇਆ। ਜਦੋਂ ਮੋਤੀ ਲਾਲ ਨਹਿਰੂ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਮੁਲਾਕਾਤ ਕਰਨ ਆਏ ਤਾਂ ਜਵਾਹਰ ਲਾਲ ਨੇ ਬਾਬਾ ਹੀਰਾ ਸਿੰਘ ਭੱਠਲ ਦੀ ਦੇਸ਼ ਭਗਤੀ, ਦਲੇਰੀ, ਕੁਰਬਾਨੀ ਅਤੇ ਬੁਲੰਦ ਹੌਂਸਲੇ ਦੀ ਸ਼ਰਧਾ ਭਰੇ ਸ਼ਬਦਾਂ ਵਿੱਚ ਆਪਣੇ ਪਿਤਾ ਕੋਲ ਪ੍ਰਸ਼ੰਸਾ ਕੀਤੀ।

ਬਾਬਾ ਹੀਰਾ ਸਿੰਘ ਭੱਠਲ ਨੇ ਆਪਣੇ ਪੂਰੇ ਪਰਿਵਾਰ ਸਮੇਤ 1930 ਵਿੱਚ ਹਾਂਡੀ ਵਿੱਚ ਭਾਗ ਲਿਆ ਸੀ। 1932 ਵਿੱਚ ਭੱਠਲ ਪਰਿਵਾਰ ਨੇ ਦਿੱਲੀ ਵਿਖੇ ਸਮੂਹਿਕ ਗ੍ਰਿਫਤਾਰੀ ਦਿੱਤੀ ਸੀ। 1946 ਵਿੱਚ "ਨਾਭਾ ਸੱਤਿਆਗ੍ਰਹਿ" ਸਮੇਂ ਵੀ ਸਾਰਾ ਟੱਬਰ ਜੇਲ੍ਹ ਗਿਆ ਸੀ। ਇਹ ਇੱਕ ਮਿਸਾਲ ਸੀ ਜਦੋਂ ਭਾਰਤ ਦੇ ਸਵੰਤਰਤਾ ਸੰਗਰਾਮ ਲਈ ਇੱਕ ਸੰਗਰਾਮੀ ਦਾ ਸਾਰਾ ਪਰਿਵਾਰ ਜੇਲ੍ਹ ਯਾਤਰਾ ਕਰਕੇ ਆਇਆ ਹੋਵੇ। ਉਨ੍ਹਾਂ ਦੀ ਸੁਪਤਨੀ ਹਰਨਾਮ ਕੌਰ ਆਪਣੇ 6 ਬੱਚਿਆਂ ਸਮੇਤ ਕਈ ਵਾਰ ਜੇਲ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਰਹੀ। ਇਨ੍ਹਾਂ ਦਾ ਬੱਚਿਆਂ ਦੇ ਜਨਮ ਵੀ ਵੱਖ-ਵੱਖ ਜੇਲ੍ਹਾਂ ਵਿੱਚ ਹੋਏ, ਜਿਨ੍ਹਾਂ ਨੂੰ ਮਾਂ ਦੀ ਮਮਤਾ ਦੇ ਨਾਲ ਆਜ਼ਾਦੀ ਦੀ ਗੁੜਤੀ ਵੀ ਮਿਲੀ। ਇਸ ਤਰ੍ਹਾਂ ਭੱਠਲ ਪਰਿਵਾਰ ਤੇ ਅਜਿਹੇ ਅਨੇਕਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਭਾਰਤ 15 ਅਗਸਤ 1947 ਨੂੰ ਆਜ਼ਾਦ ਹੋ ਗਿਆ। ਉਸ ਸਮੇਂ ਬਾਬਾ ਹੀਰਾ ਸਿੰਘ ਭੱਠਲ ਉਨ੍ਹਾਂ ਦੀ ਮਾਤਾ ਨੰਦ ਕੌਰ ਤੇ ਪਤਨੀ ਹਰਨਾਮ ਕੌਰ ਲਾਹੌਰ ਜੇਲ੍ਹ ਵਿੱਚ ਬੰਦ ਸਨ। ਇਸ ਤਰ੍ਹਾਂ ਇਨ੍ਹਾਂ ਨੇ ਆਜ਼ਾਦ ਭਾਰਤ ਦੇ ਸੂਰਜ ਦੀ ਪਹਿਲੀ ਕਿਰਨ ਜੇਲ੍ਹ ਦੀਆਂ ਫੌਲਾਦੀ ਸੀਖਾਂ ਵਿੱਚੋਂ ਹੀ ਦੇਖੀ।

ਆਜ਼ਾਦੀ ਤੋਂ ਬਾਅਦ ਵੀ ਬਾਬਾ ਹੀਰਾ ਸਿੰਘ ਭੱਠਲ ਨੇ ਆਪਣਾ ਜੀਵਨ ਕਾਫੀ ਤੰਗੀ ਤੁਰਸ਼ੀ ਵਿੱਚ ਬਿਤਾਇਆ। ਹਲਕਾ ਸ਼ੇਰਪੁਰ ਤੋਂ 1952 ਵਿੱਚ ਆਪ ਨੇ ਵਿਧਾਨ ਸਭਾ ਦੀ ਮੈਂਬਰੀ ਲਈ ਚੋਣ ਲਈ ਤੇ ਉਸ ਸਮੇਂ ਵਿਰੋਧੀ ਉਮੀਦਵਾਰ ਗੁਰਬਖਸ਼ੀਸ਼ ਸਿੰਘ ਨੂੰ ਹਰਾ ਕੇ, ਵਿਧਾਨ ਸਭਾ ਲਈ ਚੁਣੇ ਗਏ। 1967 ਵਿੱਚ ਕਾਮਰੇਡ ਹਰਦਿੱਤ ਸਿੰਘ ਭੱਠਲ ਕੋਲੋਂ ਹਾਰ ਗਏ। ਬਾਬਾ ਹੀਰਾ ਸਿੰਘ ਭੱਠਲ ਦਾ ਸੰਘਰਸ਼ਮਈ ਜੀਵਨ ਇੱਕ ਖੁੱਲ੍ਹੀ ਕਿਤਾਬ ਹੈ। ਅੰਤ-ਬੇਮਿਸਾਲ ਕੁਰਬਾਨੀਆਂ ਦਾ ਪ੍ਰਤੀਕ ਇਹ ਮਹਾਨ ਯੋਧਾ 30 ਜਨਵਰੀ 1984 ਨੂੰ ਸਿਹਤ ਦੇ ਸੰਕਟ ਅਤੇ ਬਿਮਾਰੀ ਨਾਲ ਸੰਘਰਸ਼ ਕਰਦੇ ਹੋਏ ਸਾਥੋਂ ਸਦਾ ਲਈ ਵਿਛੜ ਗਿਆ।

# ਸੰਪਾਦਕੀ ਡਾਕ

***ਬਹੁਤ ਹੀ ਸਤਿਕਾਰਯੋਗ ਜੀਓ, ਸਤਿ ਸ੍ਰੀ ਅਕਾਲ***

ਹਰਭਜਨ ਸਿੰਘ ਬਰਾੜ ਦੀ ਕਿਤਾਬ 'ਸਾਂਝਾਂ ਆਰ-ਪਾਰ ਦੀਆਂ' ਹੁਣੇ ਹੀ ਪੜ੍ਹ ਕੇ ਹਟਿਆ ਹਾਂ। ਪਹਿਲਾਂ ਕਿੰਨਾ ਚਿਰ ਬੈਠਾ ਕਿਤਾਬ ਵਿਚਲੀਆਂ ਘਟਨਾਵਾਂ ਬਾਰੇ ਸੋਚਦਾ ਰਿਹਾ। ਉਨ੍ਹਾਂ ਲੋਕਾਂ ਦੇ ਦੁੱਖਾਂ ਨੂੰ ਮਹਿਸੂਸ ਕਰਕੇ ਕਿੰਨਾ ਚਿਰ ਗੁੰਮ-ਸੁੰਮ ਬੈਠਾ ਰਿਹਾ। ਹੁਣ ਸ਼ਕਤੀ ਜਿਹੀ ਇੱਕਠੀ ਕਰਕੇ ਲਿਖਣ ਲੱਗਿਆ ਹਾਂ। ਕਿਤਾਬ ਵਿੱਚ ਜਿੰਦਾਂ ਦਾ ਆਪਣੇ ਰਿਸ਼ਤੇਦਾਰਾਂ ਨੂੰ ਮਿਲਣਾ ਅਤੇ ਨੂਰਾਂ ਦਾ ਆਪਣੇ ਭਰਾਵਾਂ ਨੂੰ ਮਿਲਣ ਦਾ ਬਿਆਨ ਅੱਖਾਂ ਨਮ ਕਰ ਗਿਆ। ਤੁਹਾਡੀ ਇਹ ਕਿਤਾਬ ਪੜ੍ਹ ਕੇ ਅੱਖਾਂ ਸਾਹਮਣੇ ਵੰਡ ਦੀ ਤਸਵੀਰ ਹੋਰ ਵੀ ਸਾਫ ਹੋ ਗਈ ਹੈ ਕਿ ਲੋਕਾਂ ਨੇ ਵੰਡ ਦੇ ਕਿੰਨੇ ਦੁੱਖ ਝੱਲੇ ਸੀ ਅਤੇ ਅੱਜ ਵੀ ਝੱਲ ਰਹੇ ਹਨ, ਜਿਨ੍ਹਾਂ ਲੋਕਾਂ ਨੂੰ ਤੁਸੀਂ ਮਿਲਾਇਆ ਹੈ, ਉਨ੍ਹਾਂ ਲਈ ਤੁਸੀਂ ਰੱਬ ਹੋ। ਤੁਹਾਡੇ ਵਾਲਾ ਕੰਮ ਕੋਈ ਦੇਵਤਾ ਹੀ ਕਰ ਸਕਦਾ ਹੈ। ਤੁਸੀਂ ਦੋਵਾਂ ਪੰਜਾਬਾਂ ਵਿਚਕਾਰ ਪੁਲ ਦਾ ਕੰਮ ਕਰਦਿਆਂ ਪੰਜ ਦਰਿਆਵਾਂ ਦੀ ਧਰਤੀ ਦਾ ਲਾਇਕ ਪੁੱਤਰ ਹੋਣ ਦਾ ਸਬੂਤ ਦਿੱਤਾ ਹੈ। ਆਪਣੇ ਪਿੰਡ ਦੀ ਮਿੱਟੀ ਨੂੰ ਤਰਸਦੇ ਮੁਖਤਿਆਰ ਸਿੰਘ ਨੂੰ ਜਦ ਉਸ ਦੇ ਉੱਧਰ ਰਹਿ ਗਏ ਘਰ ਵਿੱਚੋਂ ਮਿੱਟੀ ਲਿਆ ਕੇ ਦਿੱਤੀ ਹੋਵੇਗੀ ਤਾਂ ਪਤਾ ਨਹੀਂ ਉਸ ਨੇ ਤੁਹਾਨੂੰ ਕਿੰਨੀਆਂ ਹੀ ਅਸੀਸਾਂ ਦਿੱਤੀਆਂ ਹੋਣਗੀਆਂ। ਅਜਿਹੇ ਕਿੰਨੇ ਹੀ ਲੋਕ ਹਨ ਜਿਨ੍ਹਾਂ ਨੂੰ ਤੁਸੀਂ ਮਿਲਾਇਆ ਹੈ।

ਸਕੂਲਾਂ ਵਿੱਚ ਪੜ੍ਹਨ ਸਪਤਾਹ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਪੂਰਾ ਹਫਤਾ ਬੱਚਿਆਂ ਨੂੰ ਸਾਹਿਤਕ ਕਿਤਾਬਾਂ ਪੜ੍ਹਾਉਣੀਆਂ ਹਨ। ਮੈਂ ਬੱਚਿਆਂ ਨੂੰ ਸਾਹਿਤਕ ਕਿਤਾਬਾਂ ਵੰਡ ਕੇ ਆਪ 'ਸਾਂਝਾਂ ਆਰ-ਪਾਰ ਦੀਆਂ' ਪੜ੍ਹ ਰਿਹਾ ਸੀ। ਜਦੋਂ 'ਮੈਂ ਮੁਆਫੀ' ਦੀਆਂ ਅਖੀਰੀ ਲਾਈਨਾਂ ਪੜ੍ਹ ਰਿਹਾ ਸੀ ਤਾਂ ਮੇਰਾ ਮਨ ਭਰ ਆਇਆ। ਮੇਰੀਆਂ ਅੱਖਾਂ ਵਿੱਚੋਂ ਹੰਝੂ ਡਿੱਗ ਪਏ। ਇੱਕ ਬੱਚਾ ਮੇਰੇ ਕੋਲ ਆਇਆ। ਮੈਥੋਂ ਕੁੱਝ ਪੁੱਛ ਰਿਹਾ ਸੀ, ਪਰ ਮੇਰਾ ਗੱਚ ਭਰਿਆ ਹੋਣ ਕਰਕੇ ਮੇਰੇ ਮੂੰਹੋਂ ਬੋਲ ਨਹੀਂ ਸੀ ਨਿਕਲ ਰਿਹਾ। ਇਹ ਅੱਜ ਦੀ ਹੀ ਗੱਲ ਹੈ।

"ਨਵੇਂ ਭਾਅ ਜੀ" ਨੇ ਬੜਾ ਹੈਰਾਨ ਕਰ ਦਿੱਤਾ ਹੈ ਕਿ ਜਿੰਦਗੀ ਕਿਨੇ ਮੋੜ ਕੱਟਦੀ ਹੈ। ਛਿੰਦੋ ਦਾ ਵਿਆਹ ਵੀ ਬੜਾ ਚੰਗਾ ਕੀਤਾ ਹੈ। 'ਈਵਨਿਗ ਇੰਨ ਪੈਰਸ' ਅਤੇ ਹਕੀਮ ਵੱਡਾ ਕਿ ਯਕੀਨ ਜਰੂਰ ਦੱਸਣਾ ਕਿ ਇਹ ਸੱਚਮੁੱਚ ਤੁਹਾਡੇ ਨਾਲ ਵਾਪਰੀ ਹੈ? ਬਾਕੀ ਇਸ ਕਿਤਾਬ ਤੋਂ ਤੁਹਾਨੂੰ ਜ਼ਿੰਜਗੀ ਬਾਰੇ ਹੋਰ ਬੜਾ ਕੁੱਝ ਪਤਾ ਲੱਗਾ ਹੈ।

ਬਰਾੜ ਸਾਹਿਬ ਅਸੀਂ ਚਾਹੇ ਉੱਧਰੋਂ ਉਜੜ ਕੇ ਨਹੀਂ ਆਏ ਅਤੇ ਨਾ ਹੀ ਮੇਰਾ ਉੱਧਰ ਕੋਈ ਸਾਕ-ਸੰਬੰਧੀ ਹੈ। ਫਿਰ ਵੀ ਪਤਾ ਨਹੀਂ ਕਿਉਂ ਮੈਨੂੰ ਉੱਧਰ ਰਹਿ ਗਏ ਪੰਜਾਬ ਦਾ ਬੜਾ ਮੋਹ ਆਉਂਦਾ ਹੈ। ਆਪਾਂ ਚਾਹੇ ਕੌਮਾਂ ਕਿੰਨੀਆਂ ਵੀ ਹੋਈਏ ਪਰ ਹੈ ਤਾਂ ਪੰਜ ਦਰਿਆਵਾਂ ਦੀ ਧਰਤੀ ਦੇ ਜਾਏ ਪੰਜਾਬੀ ਹਾਂ। ਮੈਨੂੰ ਉੱਧਰ ਵਸਦੇ ਪੰਜਾਬੀ ਆਪਣੇ ਹੀ ਚਾਚੇ ਤਾਏ ਆਪਣੇ ਹੀ ਭਰਾ ਲੱਗਦੇ ਹਨ। ਮੇਰਾ ਦਿਲ ਕਰਦਾ ਹੈ ਕਿ ਮੈਂ ਉੱਧਰਲੇ ਪੰਜਾਬ ਦੇ ਪਿੰਡ ਦੇਖਾਂ, ਉਨ੍ਹਾਂ ਖੇਤਾਂ ਵਿੱਚ ਘੁੰਮਾਂ ਉਨ੍ਹਾਂ ਨਾਲ ਖੇਤਾਂ ਵਿੱਚ ਪੂਰਾ ਦਿਨ ਕੰਮ ਵੀ ਕਰਵਾ ਕੇ ਆਵਾਂ।

ਮੈਂ ਵੀ ਤੁਹਾਡੇ ਵਾਂਗ ਇਨ੍ਹਾਂ ਵਿਛੜ ਗਿਆਂ ਨੂੰ ਮਿਲਾਉਣ ਵਿੱਚ ਮਦਦ ਕਰਨੀ ਚਾਹੁੰਦਾ ਹਾਂ, ਤੁਸੀਂ ਮੈਨੂੰ ਰਾਹ ਦੱਸੋ ਤਾਂ ਕਿ ਮੈਂ ਵੀ ਆਪਣੀ ਪੰਜ ਪਾਣੀਆਂ ਦੀ ਧਰਤੀ ਮਾਂ ਦਾ ਕੁੱਝ ਕਰਜ਼ ਚੁਕਾ ਸਕਾਂ। ਅੰਤ ਵਿੱਚ ਮੈਂ ਦੁਆ ਕਰਦਾ ਹਾਂ ਕਿ ਤੁਹਾਨੂੰ ਸਾਡੀ ਵੀ ਉਮਰ ਲੱਗ ਜਾਵੇ ਤਾਂ ਕਿ ਤੁਸੀਂ ਦੋਵਾਂ ਪੰਜਾਬਾਂ ਦੀਆਂ ਪਿਆਰ ਗੰਢਾਂ ਹੋਰ ਵੀ ਮਜ਼ਬੂਤ ਕਰ ਸਕੋ।

ਪੰਜਾਬੀਆਂ ਲਈ ਦਿਨ ਰਾਤ ਭੱਜੇ ਫਿਰਨ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

*ਤੁਹਾਡੇ ਹੁੰਗਾਰੇ ਦੀ ਉਡੀਕ ਵਿੱਚ*
*ਪ੍ਰਗਟ ਸਿੰਘ ਸਤੌਜ ਸ. ਮੇਲਾ ਸਿੰਘ*
*ਪਿੰਡ ਸਤੌਜ, ਡਾਕ. ਧਰਮਗੜ੍ਹ,*
*ਜ਼ਿਲ੍ਹਾ ਸੰਗਰੂਰ-148028*
*ਮੋਬਾਇਲ-94172-41787*

-0-

ਮੈਂ 20 ਸਤੰਬਰ ਨੂੰ 'ਅੱਜ ਦੀ ਆਵਾਜ਼' ਅਖਬਾਰ ਵਿੱਚ ਸਾਥੀ ਨਿਰੰਜਨ ਸਿੰਘ ਦਾ 'ਹਰਭਜਨ ਸਿੰਘ ਬਰਾੜ' ਦੀ ਪੁਸਤਕ 'ਸਾਂਝਾਂ ਆਰ-ਪਾਰ ਦੀਆਂ' ਸਬੰਧੀ ਛਪਿਆ ਰੀਵਿਊ ਪੜ੍ਹਿਆ ਤਾਂ ਮੇਰੇ ਮਨ ਅੰਦਰ ਇਸ ਕਿਤਾਬ ਨੂੰ ਪੜ੍ਹਨ ਦੀ ਖਾਹਿਸ਼ ਪੈਦਾ ਹੋ ਗਈ। ਜੇਕਰ ਸੱਚ ਪੁੱਛੋ ਤਾਂ ਇਸ ਕਿਤਾਬ ਨੂੰ ਪੜ੍ਹ ਕੇ ਮੈਨੂੰ ਆਪਣੇ ਬਚਪਨ ਵਿੱਚ ਦਾਦਾ ਜੀ ਦੇ ਮੂੰਹੋਂ ਸੁਣੀਆਂ ਕਹਾਣੀਆਂ ਦੀ ਯਾਦ ਆ ਗਈ। ਹਰਭਜਨ ਸਿੰਘ ਬਰਾੜ ਦੇ ਗੱਲਬਾਤ ਢੰਗ ਵਿੱਚ ਹੀ ਕਿਸੇ ਵਿਸ਼ੇ ਨੂੰ ਬੇਬਾਕੀ ਨਾਲ ਬਿਆਨ ਕਰ ਜਾਣ ਦੇ ਅੰਦਾਜ਼ ਦੀ ਮੈਂ ਕਾਇਲ ਹੋ ਗਈ ਹਾਂ। ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਲੇਖਕ ਬਣਨ ਲਈ ਸਿਰਫ ਕਿਤਾਬੀ ਗਿਆਨ ਹੀ ਕਾਫੀ ਨਹੀਂ ਬਲਕਿ ਕਿਸੇ ਦੁੱਖੀ ਦੇ ਦਰਦ ਨੂੰ ਮਹਿਸੂਸਣ, ਜ਼ਿੰਦਗੀ ਦੇ ਹਸੀਨ ਤੇ ਗਮਗੀਨ ਰੂਪਾਂ ਨੂੰ ਕਰੀਬ ਤੋਂ ਵੇਖਣ ਅਤੇ ਕਿਸੇ ਕੰਮ ਨੂੰ ਅੰਜਾਮ ਦੇਣ ਦਾ ਜਜ਼ਬਾ ਹੋਣਾ ਜ਼ਿਆਦਾ ਜ਼ਰੂਰੀ ਹੈ।

ਸਾਂਝਾ ਆਰ-ਪਾਰ ਦੀਆਂ ਰਾਹੀਂ ਹਰਭਜਨ ਸਿੰਘ ਨੇ ਪਾਕਿ-ਭਾਰਤ ਦੀ ਵੰਡ ਦੌਰਾਨ ਉਪਜੀ ਨਫਰਤ ਦੇ ਧੂੰਏਂ ਨੂੰ ਆਪਣੇ ਹੰਝੂਆਂ ਭਰੇ ਪੱਲੇ ਨਾਲ ਮੱਠਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਕਿ ਪੰਜਾਬੀ ਸੱਭਿਆਚਾਰ ਵਿੱਚ ਸ਼ਰੀਕੇ ਭਾਈਚਾਰੇ ਦੀ ਆਪਸੀ ਮਨ-ਮਿਟਾਵ ਨੂੰ ਮਿਟਾਉਣ ਲਈ ਵਿਆਹ ਵਾਲੀ ਭਾਜੀ ਦਾ ਇਸਤੇਮਾਲ ਕੀਤਾ ਜਾਂਦਾ ਹੈ। ਠੀਕ ਉਸੇ ਤਰ੍ਹਾਂ ਇਹ ਕਿਤਾਬ ਵੀ ਭਾਰਤ-ਪਾਕਿ ਦੇ ਆਪਸੀ ਰੋਸੇ ਨੂੰ ਮਿਟਾਉਣ ਲਈ ਭਾਜੀ ਦਾ ਕੰਮ ਕਰਦੀ ਨਜ਼ਰ ਆ ਰਹੀ ਹੈ।

*ਪ੍ਰਭਜੀਤ ਕੌਰ ਪੀ.ਐਚ.ਡੀ.*
*(ਪੰਜਾਬੀ)*
*ਗੁਰੂ ਨਾਨਕ ਦੇਵ ਯੂਨੀਵਰਸਿਟੀ,*
*ਅੰਮ੍ਰਿਤਸਰ ।*
*9872787136*

-0-

ਮੇਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ, ਸਮੂਹ ਮੈਂਬਰ ਤਖਤਾਂ ਦੇ ਹੈੱਡਮਨਿਸਟਰਾਂ ਨੂੰ ਬੇਨਤੀ ਹੈ ਕਿ ਨਾਨਕਸ਼ਾਹੀ ਕੈਲੰਡਰ ਨੂੰ ਸਿਰਫ ਸਿੱਖ ਕੌਮ ਵਾਸਤੇ ਵਰਤਿਆ ਜਾਵੇ, ਭਾਵ ਇਸ ਵਿੱਚ ਜੋ ਦਿਨ ਤਾਰੀਖਾਂ ਸਿੱਖ ਕੌਮ ਨਾਲ ਸਬੰਧਿਤ ਹਨ ਉਹ ਹੀ ਲਿਖੀਆਂ ਜਾਣ ਮੱਸਿਆ, ਸੰਗਰਾਂਦ, ਪੂਰਨਮਾਸ਼ੀ ਦਾ ਗੁਰਮਤਿ ਨਾਲ ਕੋਈ ਸਬੰਧ ਨਹੀਂ ਹੈ। ਇਸ ਨੂੰ ਬਿਲਕੁਲ ਨਾ ਲਿਖਿਆ ਜਾਵੇ। ਜਿਹੜੇ ਲੋਕ ਸਿੱਖ ਰਹਿਤ ਮਰਿਯਾਦਾ (ਅਕਾਲ ਤਖਤ) ਨੂੰ ਨਹੀਂ ਮੰਨਦੇ ਉਨ੍ਹਾਂ ਦੀ ਸਲਾਹ ਲੈਣੀ ਬੰਦ ਕੀਤੀ ਜਾਵੇ।

*ਦੀਦਾਰ ਸਿੰਘ*
*ਬਾਬਰਪੁਰ (ਲੁਧਿਆਣਾ)*
*94170-34974*